(21/11/09)
ਦਲਜੀਤ ਸਿੰਘ ਹੋਠੀ ਅਤੇ ਸੰਗਤ

ਸਾਡਾ ਫੋਨ ਨੰਬਰ 585-698-0146 ਹੈ।

☬ ੴ ਵਾਹਿਗੁਰੂ ਜੀ ਕੀ ਫ਼ਤਹਿ॥ ☬

ਵਲੋ ਰੋਚੈਸਟਰ ਨਿਉਯਾਰਕ (ਯੂ ਐਸ ਏ) ਗੁਰਦੁਆਰਾ ਦੀ ਸੰਗਤ

ਮਿਤੀ 22, 23 ਅਗੱਸਤ 2009 ਨੂੰ ਸਾਡੇ ਸੱਦਾ ਪੱਤਰ ਤੇ ਸਿੱਖ ਕੌਮ ਦੇ ਮਹਾਨ ਵਿਦਵਾਨ ਪ੍ਰੋ: ਦਰਸ਼ਨ ਸਿੰਘ ਜੀ ਸਾਬਕਾ ਜਥੇਦਾਰ ਅਕਾਲ ਤਖਤ ਸਾਹਿਬ ਸਾਡੇ ਗੁਰਦੁਆਰੇ ਰਾਚੈਸਟਰ ਨਿਉਯਾਰਕ (ਯੂ ਐਸ ਏ) ਵਿੱਚ ਆਏ ਉਹਨਾ ਗੁਰਮਤ ਵਿਚਾਰਾਂ ਦੇ ਨਾਲ ਨਾਲ ਐਸੀਆ ਰਚਨਾਵਾ ਵਾਰੇ ਸਚੇਤ ਕੀਤਾ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜੀਆਂ ਗਈਆ ਹਨ। ਉਹਨਾ ਰਚਨਾਵਾ ਜਿਹਨਾਂ ਤੋ ਪ੍ਰੋ: ਦਰਸ਼ਨ ਸਿੰਘ ਜੀ ਨੇ ਸੁਚੇਤ ਕੀਤਾ ਕਿ ਇਹ ਗੁਰੁ ਗੋਬਿੰਦ ਸਿੰਘ ਜੀ ਦੀਆਂ ਨਹੀ ਹੋ ਸਕਦੀਆਂ। ਇੱਕ ਆਪਣੇ ਆਪ ਨੂੰ ਵਿਦਵਾਨ ਕਹਾਉਣ ਵਾਲਾ ਸਕਸ਼ ਗੁਰਸ਼ਰਨਜੀਤ ਸਿੰਘ ਲਾਬਾਂ ਤੇ ਉਸ ਦੀ ਟੋਲੀ ਜਿਸ ਨੇ ਕਿਸੇ ਸ਼ਾਜਿਸ ਤਾਹਿਤ ਜਿਹੜੀ ਗੁਰਦੁਆਰਾ ਰਾਚੈਸਟਰ ਦੇ ਦਿਵਾਨ ਹਾਲ ਵਿੱਚ ਬਣੀ ਪ੍ਰੋ: ਦਰਸ਼ਨ ਸਿੰਘ ਜੀ ਦੀ ਵੀਡੀਓ ਨੂੰ ਇਸ ਤਰਾ ਤਰੋੜ ਮਰੋੜ ਕੇ ਆਪਣੇ ਆਪ ਨੂੰ ਉੱਤਰੀ ਅਮਰੀਕਾ ਵਿੱਚ ਪੰਜਾਬੀਆਂ ਦਾ ਪਹਿਲਾ ਚੈਨਲ ਅਖਵਾਉਣ ਵਾਲੇ ਜੱਸ ਟੀ ਵੀ ਤੋਂ ਦਿਖਾਇਆਂ ਗਿਆ, ਜੋ ਕਿ ਸਚਾਈ ਤੋ ਕੋਹਾਂ ਦੂਰ ਸੀ। ਜਿਸ ਨੂੰ ਦਿਖਾ ਕੇ ਆਮ ਸਿੱਖਾ ਨੂੰ ਗੁਮਰਾਹ ਕੀਤਾ ਗਿਆ। ਜੋ ਕਿ ਬਹੁਤ ਹੀ ਮੰਦਭਾਗੀ ਕਰਤੂਤ ਹੈ। ਪਿਛਲੇ 100 ਸਾਲ ਤੋ ਬਹੁਤ ਸਾਰੇ ਵਿਦਵਾਨ ਕਹਿਦੇ ਆ ਰਹੇ ਹਨ ਕਿ ਦਸਮ ਗ੍ਰੰਥ ਵਿੱਚ ਚਰਿੱਤਰ ਨੰਬਰ 16, 21, 22, 23 ਗੁਰੂ ਗੋਬਿੰਦ ਸਿੰਘ ਜੀ ਜੀਵਨ ਗਾਥਾ ਹੈ। ਉਹਨਾਂ ਵਿਦਵਾਨਾ ਵਿੱਚੋ ਪੋ: ਰਾਮ ਪ੍ਰਕਾਸ਼ ਸਿੰਘ ਜੀ (ਖਾਲਸਾ ਕਾਲਜ, ਅੰਮ੍ਰਿਤਸਰ) ਦੇ ਲੇਖ 'ਚਾਨਣ ਮੁਨਾਰਾ' ਜੋ ਫਰਵਰੀ 1959 ਵਿਚ 'ਗੁਰਮਤਿ ਪ੍ਰਕਾਸ' ਵਿੱਚ ਛਪਿਆ ਸੀ, ਭਾਈ ਵੀਰ ਸਿੰਘ ਜੀ ਨੇ ਆਪਣੀ ਕਿਤਾਬ ਕਲਗੀਧਰ ਚਮਤਕਾਰ ਵਿੱਚ ਵੀ ਖੁਲਾਸਾ ਕੀਤਾ ਹੋਇਆ ਹੈ ਚਰਿੱਤਰ 16, 21, 22, 23 ਗੁਰੂ ਜੀ ਦੀ ਹੱਡ ਬੀਤੀ ਹੈ। ਇਹਨਾ ਤੋ ਇਲਾਵਾ ਗਿਆਨੀ ਹਰਬੰਸ ਸਿੰਘ, ਨਰੈਣ ਸਿੰਘ, ਪਿਆਰਾ ਸਿੰਘ ਪਦਮ ਵੀ ਆਪਣੀਆ ਪੁਸਤਕਾ ਵਿੱਚ ਇਹੀ ਖਿਆਲ ਪਰਗਟ ਕਰਦੇ ਹਨ। ਹੁਣ ਜਦੋ ਪ੍ਰੋ: ਦਰਸ਼ਨ ਸਿੰਘ ਜੀ ਆਮ ਸਿੱਖ ਸੰਗਤ ਨੂੰ ਸੁਚੇਤ ਕਰਦੇ ਹਨ ਕਿ ਦਸਮ ਗ੍ਰੰਥ ਦੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ ਨਹੀ ਹੈ ਤਾਂ ਮਾਜੂਦਾ ਜਥੇਦਾਰਾ ਦੇ ਢਿੱਡੀ ਪੀੜਾਂ ਕਿਓ ਪਈਆਂ। ਜਦੋ ਸ਼ੈਤਾਨ ਇਨਸਾਫ ਕਰਨ ਬੈਠਦਾ ਹੈ ਤਾਂ ਉਸ ਸ਼ੈਤਾਨੀ ਕਾਰਵਾਈ ਨੂੰ ਠੀਕ ਸਿੱਧ ਕਰਨ ਵਾਲੇ ਗੁਰਸ਼ਰਨਜੀਤ ਲਾਂਬੇ ਵਰਗੇ ਝੂਠੇ ਗਵਾਹ ਵੀ ਭਗਤਾਉਣੇ ਪੈਂਦੇ ਹਨ। ਉਸ ਸੱਚ ਨੂੰ ਝੂਠ ਸਿੱਧ ਕਰਨ ਵਾਸਤੇ ਟੁੱਕੜ ਬੋਚਾਂ ਦੀ ਵੀ ਡਾਢੀ ਲੋੜ ਪੈਂਦੀ ਹੈ। ਜਿਹੜੀ ਸਿੱਖੀ ਤੋਪਾਂ ਬੰਬਾਂ, ਤਲਵਾਰਾਂ ਨਾਲ ਨਹੀ ਮਰੀ ਅੱਜ ਧਾਰਮਿਕ ਬੁਰਕੇ ਵਿੱਚ ਭੇਖੀਆਂ ਦੇ ਹੱਥੋ ਡਾਂਵਾ ਡੋਲ ਹੋ ਗਈ ਹੈ। ਸਿੱਖੋ ਜਾਗੋ! ਜੇ ਪ੍ਰੋ: ਦਰਸ਼ਨ ਸਿੰਘ ਵਰਗੇ ਵਿਦਵਾਨਾ ਨੇ ਸਿੱਖ ਕੌਮ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਆਪਾ ਸਾਰਿਆ ਨੂੰ ਉਹਨਾ ਦਾ ਸਾਥ ਦੇਣ ਦੀ ਲੋੜ ਹੈ। ਜਿਹੜੇ ਲੋਕ ਪ੍ਰੋ: ਦਰਸ਼ਨ ਸਿੰਘ ਦਾ ਪੁਤਲਾ ਬਣਾ ਕੇ ਸਾੜਦੇ ਹਨ ਉਹਨਾ ਦਾ ਵੀ ਮਦਾਰੀ ਦੇ ਰਿੱਛ ਵਾਲਾ ਹਾਲ ਹੈ ਮਦਾਰੀ ਨੇ ਡੁੱਗਡੁੱਗੀ ਵਜਾਉਣੀ ਤੇ ਉਹਨਾਂ ਨੇ ਨੱਚਣਾ ਹੀ ਹੈ। ਉਹਨਾ ਨੂੰ ਅਸਲ ਗੱਲ ਦਾ ਵੀ ਨਹੀ ਪਤਾ ਕਿ ਪ੍ਰੋ: ਦਰਸ਼ਨ ਸਿੰਘ ਜੀ ਨੇ ਰਾਚੈਸਟਰ ਦੇ ਗੁਰਦੁਆਰੇ ਵਿੱਚ ਕੀ ਕਿਹਾ ਤੇ ਨਾਂ ਹੀ ਉਹਨਾ ਨੇ ਅਸਲ ਡੀ. ਵੀ. ਡੀ ਦੇਖੀ ਹੈ। ਤੇ ਨਾਂ ਹੀ ਦੇਖਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ ਜੇ ਕੋਈ ਸੱਜਣ ਅਸਲ ਡੀ. ਵੀ. ਡੀ ਦੇਖਣਾ ਚਾਹੁੰਦਾ ਹੋਵੇ ਉਹ ਸਾਡੇ ਨਾਲ ਸੰਪਰਕ ਕਰ ਸਕਦਾ ਹੈ।

ਧੰਨਵਾਦ